ਵਿਸ਼ਾ ਪੰਜਾਬੀ ਅਖਾਣ (26-50) ਜਮਾਤ ਨੌਵੀਂ

## 26. ਆਪ ਭਲੇ ਜਗ ਭਲਾ;

ਅਰਥ: ( ਇਹ ਅਖਾਣ ਇਹ ਦੱਸਣ ਲਈ ਵਰਤਿਆ ਜਾਂਦਾ ਹੈ ਕਿ ਨੇਕ ਬੰਦਿਆਂ ਨੂੰ ਸਾਰਾ ਜਗਤ ਹੀ ਨੇਕ ਭਾਸਦਾ ਹੈ ਜਦ ਕਿ ਖੋਟੇ ਦਿਲ ਵਾਲੇ ਨੂੰ ਸਾਰੇ ਖੋਟੇ ਹੀ ਮਲੂਮ ਹੁੰਦੇ ਹਨ )

ਵਾਕ: ਰਵਿੰਦਰ ਸਿੰਘ ਨੇਕ ਆਦਮੀ ਹੈ । ਕਿਸੇ ਦਾ ਮੰਦਾ ਨਹੀਂ ਸੋਚਦਾ । ਇਹ ਅਖਾਣ ਉਹਦੇ 'ਤੇ ਠੀਕ ਢੁੱਕਦਾ ਹੈ ਕਿ 'ਆਪ ਭਲੇ ਜਗ ਭਲਾ।

## 27. ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲ ਹੁੰਦੀ;

ਅਰਥ: ( ਜਾਣਦਿਆਂ ਬੁਝਦਿਆਂ ਹਾਨੀ ਪੁਚਾਉਣ ਵਾਲਾ ਕੰਮ ਨਹੀਂ ਕੀਤਾ ਜਾ ਸਕਦਾ )

ਵਾਕ: ਜਦੋਂ ਸੁੰਦਰਸ਼ਨ ਨੂੰ ਪਤਾ ਲੱਗਾ ਕਿ ਉਸ ਦੀ ਧੀ ਦੇ ਸਾਕ ਲਈ ਜਿਸ ਮੁੰਡੇ ਦੀ ਦੱਸ ਪਈ ਗਈ ਹੈ , ਉਹ ਮਹਾਂ ਐਬੀ ਹੈ , ਤਾਂ ਉਸ ਨੇ ਰਿਸ਼ਤਾ ਕਰਨ ਤੋਂ ਸਾਫ ਨਾਂਹ ਕਰ ਦਿੱਤੀ । ਠੀਕ ਤਾਂ ਹੈ , 'ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲ ਹੁੰਦੀ ।

## 28. ਅੱਖਾਂ ਨੇ ਨਾ ਖਾਧਾ ਤਾਂ ਮੂੰਹ ਨੇ ਕੀ ਖਾਣਾ ਏ;

ਅਰਥ: ( ਜਿਹੜੀ ਖਾਣ ਵਾਲੀ ਚੀਜ਼ ਵੇਖਣ 'ਚ ਹੀ ਚੰਗੀ ਨਾ ਲੱਗੇ , ਉਸਦਾ ਸੁਆਦ ਚੱਖਣ ਤੇ ਵੀ ਦਿਲ ਨਹੀਂ ਕਰਦਾ । )

ਵਾਕ: ਰੁਕਮਣ ਦੀ ਨਵੀਂ ਆਈ ਨੂੰਹ ਨੂੰ ਰਸੋਈ ਵਿੱਚ ਕੰਮ ਕਰਨ ਦੀ ਜਾਚ ਨਹੀਂ ਸੀ। ਪਹਿਲੇ ਦਿਨ ਉਹ ਰਸੋਈ ਵਿਚ ਸਬਜ਼ੀ ਬਣਾਉਣ ਲੱਗੀ ਤਾਂ ਸਬਜ਼ੀ ਅੱਧੀ ਸੜ ਗਈ ਤੇ ਕਾਲੀ ਪੈ ਗਈ । ਜਦੋਂ ਉਸ ਨੇ ਭੋਜਨ ਪਰੋਸਿਆ ਤਾਂ ਸੱਸ ਕਹਿਣ ਲੱਗੀ , ਇਹ ਕਾਲੀ - ਕਲੂਟੀ ਸਬਜ਼ੀ ਕੌਣ ਖਾਏਗਾ ?ਅਖੇ 'ਜੇ ਅੱਖਾਂ ਨੇ ਨਾ ਖਾਧਾ ਤਾਂ ਮੂੰਹ ਨੇ ਕੀ ਖਾਣਾ ਏ ।

## 29 . ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ;

ਅਰਥ: ( ਸੱਚ ਬੋਲਣ ਵਾਲੇ ਨੂੰ ਕਿਸੇ ਦਾ ਡਰ ਨਹੀਂ ਹੁੰਦਾ , ਉਹ ਬੇਖੌਫ਼ ਹੋ ਕੇ ਸੱਚ ਪ੍ਰਗਟ ਕਰ ਸਕਦਾ ਹੈ )

ਵਾਕ: ਗੁਰਦੀਪ ਨੂੰ ਚੋਰੀ ਦੇ ਝੂਠੇ ਦੋਸ਼ ਦੇ ਸੰਬੰਧ ਵਿੱਚ ਜਦੋਂ ਪਿੰਡ ਦੀ ਪੰਚਾਇਤ ਵਿੱਚ ਪਹੁੰਚਣ ਦਾ ਬੁਲਾਵਾ ਮਿਲਿਆ ਤਾਂ ਉਹ ਘਬਰਾ ਗਿਆ । ਪਰ ਮਾਂ ਨੇ ਸਮਝਾਇਆ , ਤੂੰ ਡਰਨਾ ਕਿਉਂ ਏਂ ? ਸਿਆਣਿਆਂ ਨੇ ਕਿਹਾ ਹੈ ਕਿ ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ । ਤੂੰ ਡਟ ਕੇ ਆਪਣੀ ਨਿਰਦੋਸ਼ਤਾ ਦੀ ਗੱਲ ਕਹਿ । ਤੇਰਾ ਕੁਝ ਨਹੀਂ ਵਿਗੜਨ ਵਾਲਾ ।

## 30. ਆਟੇ ਨਾਲ ਘੁਣ ਵੀ ਪਿਸ ਜਾਂਦਾ ਹੈ

ਅਰਥ: ( ਇਹ ਅਖਾਣ ਉਦੋਂ ਵਰਤਿਆ ਜਾਂਦਾ ਹੈ ਜਦੋਂ ਕਿਸੇ ਕਸੂਰਵਾਰ ਨਾਲ ਕੋਈ ਨਿਰਦੋਸ਼ ਵੀ ਰਗੜਿਆ ਜਾਵੇ )

ਵਾਕ: ਪੁਲਿਸ ਨੇ ਜੂਏ ਬਾਜ਼ਾਂ ਨੂੰ ਫੜਨ ਲਈ ਕਲੱਬ 'ਤੇ ਛਾਪਾ ਮਾਰਿਆ ਤਾਂ ਜੁਆਰੀਆਂ ਦੇ ਨਾਲ ਕਲੱਬ ਦੇ ਬੈਰਿਆਂ ਨੂੰ ਵੀ ਫੜ ਕੇ ਲੈ ਗਈ । ਉਨ੍ਹਾਂ ਨੇ ਬਥੇਰੀ ਚੀਕ - ਪੁਕਾਰ ਕੀਤੀ ਪਰ ਕੋਈ ਸੁਣਾਈ ਨਾ ਹੋਈ । ਸੱਚ ਹੀ ਕਿਹਾ ਗਿਆ ਹੈ ਕਿ ਆਟੇ ਦੇ ਨਾਲ ਘੁਣ ਵੀ ਪੀਸਿਆ ਜਾਂਦਾ ਹੈ ।

## 31.ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ;

ਅਰਥ: ( ਜਦੋਂ ਕੋਈ ਆਦਮੀ ਆਪ ਹੀ ਕੋਈ ਬਿਪਤਾ ਸਹੇੜ ਲਵੇ ਤਾਂ ਕੋਈ ਉਸਦੀ ਸਹਾਇਤਾ ਲਈ ਅੱਗੇ ਨਹੀਂ ਆਉਂਦਾ )

ਵਾਕ: ਹਰਨਾਮ ਮਾਪਿਆਂ ਦੇ ਰੋਕਦਿਆਂ - ਰੋਕਦਿਆਂ ਸ਼ਾਮ ਨਾਲ ਭਾਈਵਾਲੀ ਪਾ ਬੈਠਾ । ਹੁਣ ਜਦ ਉਸ ਨੇ ਵੇਖਿਆ ਕਿ ਸ਼ਾਮ ਦੁਕਾਨ ਵਿਚੋਂ ਆਨੇ - ਬਹਾਨੇ ਰੁਪਿਆ ਕੱਢ ਕੇ ਲੈ ਜਾਂਦਾ ਹੈ ਤਾਂ ਉਹ ਪਛਤਾ ਰਿਹਾ ਹੈ3 । ਪਰ ਕੋਈ ਉਹਦੀ ਕੀ ਮਦਦ ਕਰ ਸਕਦਾ ਹੈ ? ਉਸਦਾ ਤਾਂ ਉਹੀ ਹਾਲ ਹੈ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ।

## 32.ਆਪੇ ਮੈਂ ਰੱਜੀ ਪੁੱਜੀ , ਆਪੇ ਮੇਰੇ ਬੱਚੇ ਜੀਣ

ਅਰਥ: ( ਜਦੋਂ ਕੋਈ ਬੰਦਾ ਆਪਣੀਆਂ ਅਤੇ ਆਪਣੇ ਸੰਬੰਧੀਆਂ ਦੀਆਂ ਹੀ ਸਿਫ਼ਤਾਂ ਕਰੀ ਜਾਏ ਤਦ ਉਹਦੇ ਲਈ ਇਹ ਅਖਾਣ ਵਰਤਦੇ ਹਨ )

ਵਾਕ: ਲੀਲਾ ਨੂੰ ਜਦੋਂ ਵੇਖੋ ਜਾਂ ਆਪਣੀਆਂ ਸਿਫਤਾਂ ਕਰਦੀ ਰਹੂ ਤੇ ਜਾਂ ਵੇ ਰ ਆਪਣੇ ਭਰਾਵਾਂ , ਭਰਜਾਈਆਂ ਦੇ ਗੁਣ ਗਾਉਂਦੀ ਫਿਰੂ । ਉਹਦਾ ਤਾਂ ਉਹੀ ਹਾਲ ਏ , ਆਪੇ ਮੈਂ ਰੱਜੀ ਪੁੱਜੀ , ਆਪੇ ਮੇਰੇ ਬੱਚੇ ਜੀਣ ।

## 33.ਇਹ ਮੂੰਹ ਤੇ ਮਸਰਾਂ ਦੀ ਦਾਲ;

ਅਰਥ: ( ਅਯੋਗ ਬੰਦਾ ਚੰਗੀ ਚੀਜ਼ ਦਾ ਹੱਕਦਾਰ ਨਹੀਂ ਹੁੰਦਾ )

ਵਾਕ: ਅਮਲੀ ਨੇ ਦਿਆਲੇ ਮਰਾਸੀ ਨੂੰ ਕਿਹਾ , ਦਿਆਲਿਆ , ਮੈਂ ਤਾਂ ਧਾਰੀ ਹੋਈ ਏ ਕਿ ਵਿਆਹ ਕਰਾਉਣਾ ਏ ਤਾਂ ਰਾਣੋ ਨਾਲ , ਨਹੀਂ ਤਾਂ ਨਹੀਂ ਕਰਾਉਣਾ ' ਦਿਆਲੇ ਨੇ ਟੋਕ ਕੀਤੀ ,ਇਹ ਮੂੰਹ ਤੇ ਮਸਰਾਂ ਦੀ ਦਾਲ ? ਕਦੀ ਆਪਣੀ ਬੂਥੀ ਸ਼ੀਸ਼ੇ ਵਿਚ ਵੇਖੀ ਉ ? ਰਾਣੋ ਤਾਂ ਤੇਰੇ ਵਰਗੇ ਤੇ ਥੁੱਕਦੀ ਵੀ ਨਹੀਂ ।

## 34. ਇਕ ਅਨਾਰ ਸੌ ਬੀਮਾਰ

ਅਰਥ: ( ਇਹ ਅਖਾਣ ਉਸ ਵੇਲੇ ਵਰਤਦੇ ਹਨ ਜਦੋਂ ਚੀਜ਼ ਥੋੜੀ ਹੋਵੇ ਤੇ ਮੰਗਣ ਵਾਲੇ ਬਹੁਤੇ ਹੋਣ )

ਵਾਕ: ਗੁਰਮੀਤ ਕੋਲ ਇਕੋ ਗਰਮ ਸੂਟ ਸੀ । ਉਤੋਂ ਸਾਹਿਆਂ ਦੇ ਦਿਨ ਸਨ । ਉਸਦਾ ਸਾਲਾ ਗੁਰਦੇਵ ਉਸ ਕੋਲ ਸੂਟ ਮੰਗਣ ਲਈ ਆਇਆ । ਉਸ ਵੇਲੇ ਉਸ ਦਾ ਮਿੱਤਰ ਅਮਨਦੀਪ ਆ ਗਿਆ । ਉਹਨੇ ਵਿਆਹ ਤੇ ਜਾਣ ਲਈ ਗੁਰਮੀਤ ਕੋਲੋਂ ਸੂਟ ਮੰਗਿਆ । ਗੁਰਮੀਤ ਹੱਸ ਕੇ ਕਹਿਣ ਲੱਗਾ , ਇਕ ਅਨਾਰ ਤੇ ਸੌ ਬੀਮਾਰ । ਬਈ ਸੂਟ ਤਾਂ ਇਕ ਹੈ ਤੇ ਮੰਗਣ ਵਾਲੇ ਬਹੁਤੇ । ਮੇਰਾ ਛੋਟਾ ਭਰਾ ਵੀ ਸਾਈ ਲਾਈ ਬੈਠਾ ਹੈ । ਹੁਣ ਕਿਹਨੂੰ ਦਿਆਂ , ਕਿਹਨੂੰ ਨਾ ਦਿਆਂ ।

## 35. ਇਕ ਚੁੱਪ , ਸੌ ਸੁੱਖ

ਅਰਥ: ( ਡਾਢੇ ਸਾਹਮਣੇ ਚੁੱਪ ਰਹਿਣਾ ਹੀ ਭਲਾ ਹੈ)

ਵਾਕ: ਕਿਰਨਦੀਪ ਨੇ ਆਪਣੀ ਵਹੁਟੀ ਨੂੰ ਸਮਝਾਇਆ ਕਿ ਘਰ ਵਿਚ ਕਲੇਸ਼ ਤੋਂ ਬਚਣ ਦਾ ਇਕੋ ਸੋਹਣਾ ਢੰਗ ਹੈ । ਜਦੋਂ ਅੰਮਾਂ ਜਾਂ ਬਾਪੂ ਤੈਨੂੰ ਕੁਝ ਕਹਿਣ , ਤੂੰ ਅੱਗੋਂ ਚੁੱਪ ਰਿਹਾ ਕਰ । ਇਕ ਚੁੱਪ ਤੇ ਸੌ ਸੁੱਖ । ਤੂੰ ਨਾ ਬੋਲੇਗੀ ਤਾਂ ਉਹ ਆਪੇ ਚੁੱਪ ਹੋ ਜਾਣਗੇ ।

## 36.ਇਕ ਮੱਛੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ ;

ਅਰਥ: ( ਇਕ ਮਾੜਾ ਬੰਦਾ ਸਾਰੇ ਪਰਿਵਾਰ ਨੂੰ ਭੈੜਾ ਬਣਾ ਦਿੰਦਾ ਹੈ )

ਵਾਕ: ਸੰਤੇ ਦਾ ਵੱਡਾ ਪੁੱਤਰ ਗਾਮਾ ਬਦਚਲਨ ਨਿਕਲਿਆ । ਉਸਦੀ ਵੇਖਾ - ਵੇਖੀ ਛੋਟੇ ਦੋਵੇਂ ਭਰਾ ਵੀ ਖ਼ਰਾਬ ਹੋ ਗਏ । ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ ਇਕ ਮੱਛੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ ।

## 37.ਇਨ੍ਹਾਂ ਤਿਲਾਂ ਵਿਚ ਤੇਲ ਨਹੀਂ;

ਅਰਥ: ( ਜਦੋਂ ਕਿਸੇ ਕੋਲੋਂ ਕੁੱਝ ਮਿਲਣ ਦੀ ਆਸ ਨਾ ਹੋਵੇ ਤਦ ਇਹ ਅਖਾਣ ਵਰਤਦੇ ਹਨ )

ਵਾਕ: ਜਗਦੀਸ਼ ਨੇ ਗੁਰਦੀਪ ਪਾਸੋਂ ਕੁੱਝ ਰੁਪਏ ਉਧਾਰ ਮੰਗੇ ਪਰ ਉਹ ਆਨੇ , ਬਹਾਨੇ ਉਸਨੂੰ ਟਾਲਣ ਲੱਗਾ | ਕੋਲੋਂ ਹਰਵਿੰਦਰ ਕਹਿਣ ਲੱਗਾ , ਮਿੱਤਰਾ ! ਇਹਦੇ ਕੋਲੋਂ ਪੈਸਿਆਂ ਦੀ ਆਸ ਨਾ ਰੱਖ । ਇਨ੍ਹਾਂ ਤਿਲਾਂ ਵਿਚ ਤੇਲ ਨਹੀਂ।

## 38. ਈਦ ਪਿਛੋਂ ਤੰਬਾ ਫੂਕਣਾ ਏਂ

ਅਰਥ: ( ਲੋੜ ਦਾ ਸਮਾਂ ਲੰਘ ਜਾਣ ਮਗਰੋਂ ਚੀਜ਼ ਮਿਲਣ ਦਾ ਕੋਈ ਲਾਭ ਨਹੀਂ ਹੁੰਦਾ )

ਵਾਕ: ਨਵੀਨ ਨੇ ਸਤੀਸ਼ ਨੂੰ ਕਿਹਾ , ਯਾਰ ! ਆਪਣਾ ਕਾਲਾ ਗਰਮ ਸੂਟ ਰਾਤ ਵਾਸਤੇ ਦੇ , ਮੈਂ ਇਕ ਵਿਆਹ ਤੇ ਜਾਣਾ ਹੈ । ਸਤੀਸ਼ ਬੋਲਿਆ , ਉਹ ਸੂਟ ਤਾਂ ਮੈਂ ਡਰਾਈਕਲੀਨ ਲਈ ਅੱਜ ਹੀ ਦਿੱਤਾ ਹੈ । ਪਰਸੋਂ ਮਿਲੇਗਾ ਫੇਰ ਲੈ ਜੀ ਨੇ ਕਿਹਾ , ਪਰਸੋਂ ਮੈਂ ਕੀ ਕਰਨਾ ਹੈ , ਈਦ ਪਿਛੋਂ ਤੰਬਾ ਫੂਕਣਾ ਏਂ?

## 39.ਸਖੀ ਨਾਲੋਂ ਸੂਮ ਭਲਾ ਜੋ ਤੁਰੰਤ ਦਏ ਜਵਾਬ ;

ਅਰਥ: ( ਲਾਰੇ ਲਾਉਣ ਵਾਲੇ ਨਾਲੋਂ ਕੋਰੀ ਨਾਂਹ ਕਰ ਦੇਣ ਵਾਲਾ ਚੰਗਾ ਹੁੰਦਾ ਹੈ )

ਵਾਕ: ਮੈਂ ਦਲਜੀਤ ਪਾਸੋ ਸੌ ਰੁਪਏ ਉਧਾਰ ਮੰਗੇ । ਉਹ ਹੁਣੇ ਪਲ ਕਰਦਾ ਲਾਰੇ ਲਾਉਂਦਾ ਰਿਹਾ । ਮੈਨੂੰ ਬੜਾ ਅਫਸੋਸ ਲੱਗਾ । ਅੰਤ ਮੈਂ ਉਸ ਨੂੰ ਕਿਹਾ , ਭਾਈ ਜੇ ਦੇ ਸਕਦਾ ਹੈ ਤਾਂ ਹੁਣੇ ਦੇਹ , ਨਹੀਂ

ਤਾਂ ਸਾਫ ਨਾਂਹ ਕਰ। ਮੈਂ ਭੁਲੇਖੇ ਵਿਚ ਨਾ ਪਿਆ ਰਹਾਂ। ਤੇਰੇ ਨਾਲੋਂ ਤਾਂ ਰਤਨ ਸਿੰਘ ਚੰਗਾ ਹੈ ਜਿਸ ਕੋਰੀ ਨਾਂਹ ਕਰ ਦਿੱਤੀ ਸੀ। ਇਸੇ ਕਰਕੇ ਤਾਂ ਸਿਆਣਿਆਂ ਦਾ ਕਹਿਣਾ ਹੈ ਕਿ ਸਖੀ ਨਾਲੋਂ ਸੂਮ ਭਲਾ ਜੋ ਤੁਰੰਤ ਦਏ ਜਵਾਬ।

## 40.ਸੰਗ ਤਾਰੇ , ਕੁਸੰਗ ਡੋਬੇ ;

ਅਰਥ: ( ਭਲੇ ਲੋਕਾਂ ਦੀ ਸੰਗਤ ਵਿਚੋਂ ਚੰਗੇ ਗੁਣ ਪ੍ਰਾਪਤ ਹੁੰਦੇ ਹਨ ਪਰ ਭੇੜੇ ਬੰਦਿਆਂ ਦੀ ਸੰਗਤ ਵਿਚ ਭੈੜੀਆਂ ਆਦਤਾਂ ਪੈਂਦੀਆਂ ਹਨ )

ਵਾਕ: ਅਸ਼ਵਨੀ ਪਹਿਲਾਂ ਸੁਮੀਤ ਨਾਲ ਉੱਠਦਾ ਬੈਠਦਾ ਸੀ। ਉਸ ਤੋਂ ਉਸਦੀ ਪੜ੍ਹਨ ਲਿਖਣ ਵੱਲ ਰੁਚੀ ਹੋ ਗਈ ਸੀ। ਹੁਣ ਜਦੋਂ ਦਾ ਉਸ ਨੇ ਸੁਮੀਤ ਦਾ ਸਾਥ ਛੱਡ ਕੇ ਦੀਪਕ ਨਾਲ ਭੌਣਾ ਸ਼ੁਰੂ ਕੀਤਾ ਹੈ , ਉਸ ਨੂੰ ਜੂਏ ਤੇ ਸ਼ਰਾਬ ਦੀ ਇੱਲਤ ਪੈ ਗਈ ਹੈ। ਸਿਆਣਿਆਂ ਨੇ ਸੱਚ ਹੀ ਕਿਹਾ,ਸੰਗ ਤਾਰੇ ਕੁਸੰਗ ਡੋਬੇ।

## 41. ਸੱਦੀ ਨਾ ਬੁਲਾਈ , ਮੈਂ ਲਾੜ੍ਹੇ ਦੀ ਤਾਈ;

ਅਰਥ: ( ਜਦੋਂ ਕੋਈ ਬਿਨਾਂ ਮੰਗੇ ਸਲਾਹਾਂ ਦੇਵੇ ਤਾਂ ਉਹਦੇ ਲਈ ਇਹ ਅਖਾਣ ਵਰਤਦੇ ਹਨ )

ਵਾਕ: ਮੇਰੀ ਭੈਣ ਦੇ ਵਿਆਹ ਵਿਚ ਗੁਆਂਢਣ ਰੱਜੀ ਬਿਨਾਂ ਬੁਲਾਏ ਆ ਕੇ ਚੌਧਰ ਸਾੜਨ ਲੱਗੀ ਕਿ ਇਹ ਰੀਤ ਰੋਕੋ , ਔਹ ਰਸਮ ਕਰੋ। ਮਾਂ ਤਾਂ ਉਹਦੀਆਂ ਗੱਲਾਂ ਚੁੱਪ ਕਰਕੇ ਸੁਣਦੀ ਰਹੀ ਪਰ ਚਾਚੀ ਕੋਲੋਂ ਨਾ ਰਿਹਾ ਗਿਆ। ਉਹ ਬੋਲ ਪਈ ਨਾ ਸੱਦੀ ਨਾ ਬੁਲਾਈ , ਮੈਂ ਲਾੜ੍ਹੇ ਦੀ ਤਾਈ ,ਬੀਬੀ ਆਪਣੀਆਂ ਸਲਾਹਾਂ ਆਪਣੇ ਕੋਲ ਰੱਖ। ਅਸੀਂ ਜੋ ਕਰਨਾ ਹੈ , ਹੱਥ ਪੱਲਾ ਵੇਖ ਕੇ ਕਰਨਾ ਹੈ।

## 42. ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ

ਅਰਥ ਜਦੋਂ ਕੋਈ ਕਾਫੀ ਦੇਰ ਤੋਂ ਕਿਸੇ ਦਾ ਨੁਕਸਾਨ ਕਰਦਾ ਰਿਹਾ ਹੋਵੇ ਅਤੇ ਅਖ਼ੀਰ ਫੜਿਆ ਜਾਏ , ਉਹਦੇ ਲਈ ਇਹ ਅਖਾਣ ਵਰਤਦੇ ਹਨ )

ਵਾਕ: ਗੁਰਿੰਦਰ ਦਾ ਭਾਈਵਾਲ ਦੁਕਾਨ ਵਿਚੋਂ ਹਰ ਰੋਜ਼ ਚੋਰੀ ਪੈਸੇ ਕੱਢ ਕੇ ਲੈ ਜਾਂਦਾ ਸੀ ਪਰ ਇਕ ਦਿਨ ਗੁਰਿੰਦਰ ਨੇ ਉਸ ਨੂੰ ਅਜਿਹਾ ਕਰਦਿਆਂ ਵੇਖ ਲਿਆ। ਉਸ ਵੇਲੇ ਉਸ ਨਾਲੋਂ ਭਾਈਵਾਲੀ

ਤੋੜਨ ਦਾ ਨਿਸਚਾ ਕਰ ਲਿਆ। ਸੱਚ ਹੈ , ਸੌ ਦਿਨ ਚੋਰ ਦਾ ਇਕ ਦਿਨ ਸਾਧੂ ਦਾ | ਚੋਰ ਆਖ਼ਿਰ ਇਕ ਦਿਨ ਫੜਿਆ ਹੀ ਜਾਂਦਾ ਹੈ।

## 43. ਕੱਲ੍ਹ ਨਾਮ ਕਾਲ ਦਾ :

ਅਰਥ: (ਇਹ ਅਖਾਣ ਅੱਜ ਦਾ ਕੰਮ ਕੱਲ ਤੇ ਛੱਡਣ ਵਾਲੇ ਲਈ ਵਰਤਿਆ ਜਾਂਦਾ ਹੈ ਤਾਂ ਜੋ ਉਹ ਇਹ ਆਦਤ ਛੱਡ ਦੇਵੇ )

ਵਾਕ: ਪਿਤਾ ਨੇ ਪੁੱਤਰ ਨੂੰ ਸਮਝਾਉਦਿਆਂ ਹੋਇਆ ਕਿਹਾ, ਕੰਮ ਉਹੀ ਹੈ ਜਿਹੜਾ ਉਸੇ ਵੇਲੇ ਕਰ ਲਿਆ ਜਾਏ , ਕੱਲ੍ਹ ਨਾਮ ਕਾਲ ਦਾ ਹੈ - ਕੀ ਪਤਾ ਕੱਲ੍ਹ ਕੀ ਹੋ ਜਾਣਾ ਹੈ ?

## 44. ਕੋਹ ਨਾ ਚੱਲੀ , ਬਾਬਾ ਤਿਹਾਈ :

ਅਰਥ: (ਥੋੜਾ ਜਿਹਾ ਕੰਮ ਕਰਕੇ ਹੀ ਥੱਕ ਜਾਣਾ )

ਵਾਕ: ਸਾਰਾ ਪੁਰਾਣਾ ਮਕਾਨ ਤੋੜਨ ਦੀਆਂ ਗੱਲਾਂ ਕਰਨ ਵਾਲਾ ਦੀਪਾ ਅੱਧੀ ਕੰਧ ਤੋੜ ਕੇ ਕਹਿਣ ਲੱਗਾ , ਥੱਕ ਗਿਆ ਹਾਂ ਜ਼ਰਾ ਸਾਹ ਲੈ ਲਵਾਂ , ਤਾਂ ਮੈਂ ਕਿਹਾ , ਤੂੰ ਸਾਰਾ ਮਕਾਨ ਤੋੜਨ ਦੀ ਗੱਲ ਕਰਦਾ ਸੀ , ਏਨੀ ਜਲਦੀ ਥੱਕ ਗਿਆ ਹੈ। ਅਖੇ , ਕੋਹ ਨਾ ਚੱਲੀ , ਬਾਬਾ ਤਿਹਾਈ।

## 45. ਕਾਹਲੀ ਅੱਗੇ ਟੋਏ :

ਅਰਥ: (ਕਾਹਲੀ ਨਾਲ ਹਮੇਸ਼ਾ ਹੀ ਕੰਮ ਵਿਗੜਦੇ ਹਨ )

ਵਾਕ: ਜਸਪਾਲ ਨੇ ਬਿਨਾਂ ਸੋਚੇ - ਸਮਝੇ , ਬਗੈਰ ਕਿਸੇ ਦੀ ਸਲਾਹ ਦੇ ਕਾਰ - ਰਿਪੇਅਰ ਦੀ ਵਰਕਸ਼ਾਪ ਖੋਲ੍ਹ ਲਈ। ਕੰਮ ਦਾ ਤਜਰਬਾ ਨਾ ਹੋਣ ਕਰਕੇ ਉਸ ਦਾ ਕੰਮ ਨਾ ਚੱਲਿਆ ਤੇ ਘਾਟਾ ਪੈ ਗਿਆ। ਉਸ ਦੇ ਪਿਤਾ ਨੇ ਉਸ ਨੂੰ ਕਿਹਾ ਕਿ ਸੱਚ ਆਖਿਆ ਹੈ ਕਿ , ਕਾਹਲੀ ਅੱਗੇ ਟੋਏ ਹੁੰਦੇ ਹਨ।

## 46. ਕੋਈ ਮਰੇ ਕੋਈ ਜੀਵੇ , ਸੁਥਰਾ ਘੋਲ ਪਤਾਸੇ ਪੀਵੇ :

ਅਰਥ: ( ਦੁਨੀਆ ਤੋਂ ਬੇਪਰਵਾਹ ਕੇਵਲ ਆਪਣੇ ਮੌਜ - ਮੇਲੇ ਵਿਚ ਮਸਤ ਰਹਿਣ ਵਾਲੇ ਬੰਦੇ ਲਈ ਇਹ ਅਖਾਣ ਹੈ )

ਵਾਕ: ਹਰਬੰਸ ਕਈ ਤਰ੍ਹਾਂ ਦੇ ਨਸ਼ੇ ਕਰਨ ਲੱਗ ਪਿਆ ਸੀ। ਉਸ ਨੂੰ ਪਰਿਵਾਰ ਦੀ ਕੋਈ ਪਰਵਾਹ ਨਹੀਂ ਸੀ। ਸਾਰੇ ਪੈਸੇ ਨਸ਼ਿਆਂ 'ਤੇ ਹੀ ਖ਼ਰਚ ਕਰਦਾ ਸੀ। ਉਸ ਦੇ ਬਾਰੇ ਤਾਂ ਸਭ ਕਹਿੰਦੇ ਹਨ , ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ।

## 47. ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ :

ਅਰਥ: ( ਭੈੜੇ ਕੰਮਾਂ ਵਿਚ ਬਦਨਾਮੀ ਹੁੰਦੀ ਹੈ )

ਵਾਕ: ਸ਼ਰਾਬ ਦੀ ਭੱਠੀ ਦਾ ਹਿੱਸੇਦਾਰ ਬਣ ਕੇ ਸਰਪੰਚ ਸੁਲੱਖਣ ਨੇ ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲੇ ਵਾਲੀ ਗੱਲ ਕੀਤੀ ਹੈ।

## 48. ਕਾਲੇ ਕਦੇ ਨਾ ਹੋਣ ਬੱਗੇ , ਭਾਵੇਂ ਸੌ ਮਣ ਸਾਬਣ ਲੱਗੇ :

ਅਰਥ: (ਜਦ ਇਹ ਦੱਸਣਾ ਹੋਵੇ ਕਿ ਬਣ ਚੁੱਕਿਆ ਸੁਭਾਅ ਕਦੀ ਨਹੀਂ ਬਦਲ ਸਕਦਾ )

ਵਾਕ: ਜੀਤਾ ਜਮਾਂਦਰੂ ਗੁਸੈਲ ਹੈ ਤੇ ਮਰਨ ਤੀਕ ਗੁੱਸਾ ਕਰਦਾ ਹੀ ਰਹੇਗਾ। ਸਿਆਣਿਆਂ ਨੇ ਠੀਕ ਹੀ ਕਿਹਾ ਹੈ - ਕਾਲੇ ਕਦੇ ਨਾ ਹੋਣ ਬੱਗ , ਭਾਵੇਂ ਸੌ ਮਣ ਸਾਬਣ ਲੱਗੇ।

## 49. ਕੁੱਤਾ ਰਾਜ ਬਹਾਲੀਏ ਫਿਰ ਚੱਕੀ ਚੱਟੇ :

ਅਰਥ: ( ਜਦ ਕੋਈ ਕਮੀਨਾ ਉੱਚੀ ਪਦਵੀ ਤੇ ਪੁੱਜ ਕੇ ਵੀ ਆਪਣੀ ਕਮੀਨੀ ਹਰਕਤ ਨਾ ਛੱਡੇ ਤਾਂ ਇਹ ਅਖਾਣ ਵਰਤਿਆ ਜਾਂਦਾ ਹੈ )

ਵਾਕ: ਸਰਦੂਲ ਭਾਵੇਂ ਖ਼ੁਰਾਕ ਮੰਤਰੀ ਬਣ ਗਿਆ ਹੈ ਪਰ ਉਸ ਦੀ ਭੁੱਖ ਨਹੀਂ ਗਈ। ਇਹ ਠੀਕ ਹੀ ਕਿਹਾ ਗਿਆ ਹੈ - ਕੁੱਤਾ ਰਾਜ ਬਹਾਲੀਏ ਫਿਰ ਚੱਕੀ ਚੱਟੇ।

## 50. ਕੋਠਾ ਉੱਸਰਿਆ , ਤਰਖਾਣ ਵਿੱਸਰਿਆ :

ਅਰਥ: ( ਆਪਣਾ ਮਤਲਬ ਕੱਢ ਕੇ ਅੱਖਾਂ ਫੇਰਨ ਵਾਲੇ ਲਈ ਇਹ ਅਖਾਣ ਵਰਤਿਆ ਜਾਂਦਾ ਹੈ )

ਵਾਕ: ਜਗਮੋਹਨ ਨੂੰ ਆਪਣੇ ਪ੍ਰਾਜੈਕਟ ਵਿਚ ਮੇਰੀ ਲੋੜ ਸੀ। ਜਦ ਮੈਂ ਉਸ ਦੀ ਲੋੜ ਪੂਰੀ ਕਰ ਦਿੱਤੀ , ਹੁਣ ਉਹ ਅੱਖ ਨਹੀਂ ਮਿਲਾਉਂਦਾ। ਉਸ ਨੇ ਤਾਂ ਕੋਠਾ ਉੱਸਰਿਆ , ਤਰਖਾਣ ਵਿੱਸਰਿਆ 'ਵਾਲੀ ਗੱਲ ਕੀਤੀ।

ਤਿਆਰ ਕਰਤਾ:

ਜਗਨੂਪ ਕੌਰ,(ਪੰਜਾਬੀ ਮਿਸਟ੍ਰੈਸ)

ਸ.ਕੰ.ਹ.ਸਕੂਲ,ਭਗਤਾਂਵਾਲਾ,ਅੰਮ੍ਰਿਤਸਰ।